ਮਾਤਾ-ਪਿਤਾ ਅਤੇ ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ

# ਆਰਟੀਫੀਸ਼ਲ ਇੰਟੈਲੀਜੈਂਸ ਬਾਰੇ ਸਭ ਕੁਝ

## ਹਰ ਕੋਈ ਆਰਟੀਫੀਸ਼ਲ ਇੰਟੈਲੀਜੈਂਸ ਬਾਰੇ ਕਿਉਂ ਗੱਲ ਕਰ ਰਿਹਾ ਹੈ?

ਆਰਟੀਫੀਸ਼ਲ ਇੰਟੈਲੀਜੈਂਸ, ਜਾਂ AI, ਸਾਡੇ ਰੋਜ਼ਾਨਾ ਜੀਵਨਾਂ ਦਾ ਇੱਕ ਹੋਰ ਨਿਯਮਤ ਹਿੱਸਾ ਬਣ ਰਹੀ ਹੈ, ਬਹੁਤ ਸਾਰੇ ਕੰਮਾਂ ਨੂੰ ਆਸਾਨ ਅਤੇ ਤੇਜ਼ ਬਣਾਉਂਦੇ ਹੋਏ। ਜੇ ਤੁਸੀਂ ਇਸ ਬਾਰੇ ਉਤਸੁਕ ਹੋ ਕਿ AI ਕੀ ਹੈ, ਤਾਂ ਤੁਸੀਂ ਇਕੱਲੇ ਨਹੀਂ ਹੋ। AI ਨੂੰ ਇੱਕ ਕੰਪਿਊਟਰ ਪ੍ਰੋਗਰਾਮ ਵਜੋਂ ਸੋਚੋ ਜੋ ਉਸ ਕੋਲ ਪਹਿਲਾਂ ਤੋਂ ਮੌਜੂਦ ਜਾਣਕਾਰੀ ਤੋਂ ਸਿੱਖਦੀ ਹੈ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਸਮੱਗਰੀ ਬਣਾਉਣ ਲਈ ਉਸ ਜਾਣਕਾਰੀ ਦੀ ਵਰਤੋਂ ਕਰਦੀ ਹੈ। ਜਿਵੇਂ ਅਸੀਂ ਆਪਣੇ ਤਜਰਬਿਆਂ ਤੋਂ ਸਿੱਖਦੇ ਹਾਂ, AI ਉਸ ਨੂੰ ਦਿੱਤੀ ਗਈ ਜਾਣਕਾਰੀ ਅਤੇ ਉਸ ਤੋਂ ਪੁੱਛੇ ਗਏ ਸਵਾਲਾਂ (ਜਾਂ ਪ੍ਰੋਂਪਟਾਂ) ਤੋਂ ਸਿੱਖਦੀ ਹੈ।

ਤੁਸੀਂ ਆਪਣੇ ਫੋਨ ਦੇ ਵੌਇਸ ਅਸਿਸਟੈਂਟ, ਜੋ ਸਵਾਲਾਂ ਦੇ ਜਵਾਬ ਦੇ ਸਕਦਾ ਹੈ ਜਾਂ ਰੀਮਾਈਂਡਰ ਸੈੱਟ ਕਰ ਸਕਦਾ ਹੈ, ਵਰਗੀਆਂ ਚੀਜ਼ਾਂ ਵਿੱਚ AI ਦੇ ਸੰਪਰਕ ਵਿੱਚ ਆਉਂਦੇ ਹੋ। ਇਹ ਉਹਨਾਂ ਸੁਝਾਵਾਂ ਦੇ ਪਿੱਛੇ ਹੈ ਜੋ ਤੁਸੀਂ ਸਟ੍ਰੀਮਿੰਗ ਸੇਵਾਵਾਂ 'ਤੇ ਪ੍ਰਾਪਤ ਕਰਦੇ ਹੋ, ਉਹਨਾਂ ਸ਼ੋਆਂ ਦੀ ਸਿਫ਼ਾਰਿਸ਼ ਕਰਦੇ ਹੋਏ ਜੋ ਤੁਹਾਨੂੰ ਪਸੰਦ ਆ ਸਕਦੇ ਹਨ। AI ਵੈੱਬਸਾਈਟਾਂ 'ਤੇ ਚੈਟਬੌਟਾਂ ਅਤੇ ਜਨਰੇਟਿਵ AI ਟੂਲਸ, ਜੋ ਲਿਖਤੀ, ਆਡੀਓ, ਜਾਂ ਵਿਜ਼ੂਅਲ ਸਮੱਗਰੀ ਬਣਾਉਂਦੇ ਹਨ, ਵਿੱਚ ਵੀ ਕੰਮ ਕਰਦੀ ਹੈ।

## ਕੀ AI ਮੇਰੇ ਬੱਚੇ ਦੀ ਸਿੱਖਿਆ ਨੂੰ ਪ੍ਰਭਾਵਿਤ ਕਰੇਗੀ?

ਜਿਵੇਂ ਕਿ AI ਵਧੇਰੇ ਆਮ ਹੁੰਦੀ ਜਾ ਰਹੀ ਹੈ, ਤੁਹਾਡੇ ਕੋਲ ਇਸ ਬਾਰੇ ਸਵਾਲ ਹੋ ਸਕਦੇ ਹਨ ਕਿ AI ਤੁਹਾਡੇ ਬੱਚੇ ਨੂੰ ਸਕੂਲ ਵਿੱਚ ਅਤੇ ਬਾਹਰ ਕਿਵੇਂ ਪ੍ਰਭਾਵਤ ਕਰੇਗੀ। AI ਤੁਹਾਡੇ ਬੱਚੇ ਦੇ ਕਲਾਸਰੂਮ ਵਿੱਚ ਵਰਤਿਆ ਜਾ ਸਕਦਾ ਹੈ ਜਾਂ ਨਹੀਂ। ਟੈਕਨਾਲੋਜੀ ਵਿੱਚ ਤਬਦੀਲੀਆਂ ਬਾਰੇ ਉਤਸੁਕ (ਜਾਂ ਅਨਿਸ਼ਚਿਤ) ਹੋਣਾ ਠੀਕ ਹੈ। ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਇਹ ਸਮਝਣ ਵਿੱਚ ਮਦਦ ਕਰਨ ਲਈ ਕਿ ਉਹ ਸਿੱਖਣ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੇ ਹਨ, ਇਹਨਾਂ ਤਬਦੀਲੀਆਂ ਬਾਰੇ ਸਵਾਲ ਪੁੱਛਣਾ ਵੀ ਮਹੱਤਵਪੂਰਨ ਹੈ। ਚੰਗੀ ਖ਼ਬਰ ਇਹ ਹੈ ਕਿ ਅੱਜ ਬੀਸੀ ਦੇ ਕਲਾਸਰੂਮਾਂ ਵਿੱਚ ਸਿਖਾਏ ਜਾ ਰਹੇ ਹੁਨਰ ਸਾਰੇ ਵਿਦਿਆਰਥੀਆਂ ਨੂੰ ਉਹਨਾਂ ਸਾਧਨਾਂ ਨਾਲ ਤਿਆਰ ਕਰਨ ਲਈ ਡਿਜ਼ਾਇਨ ਕੀਤੇ ਗਏ ਹਨ ਜਿਨ੍ਹਾਂ ਦੀ ਉਹਨਾਂ ਨੂੰ ਅੱਜ ਅਤੇ ਭਵਿੱਖ ਵਿੱਚ ਤਰੱਕੀ ਕਰਨ ਲਈ ਲੋੜ ਹੈ ਜਿੱਥੇ AI ਨਾਲ ਸਬੰਧਤ ਹੁਨਰ ਬਹੁਤ ਸਾਰੀਆਂ ਨੌਕਰੀਆਂ ਵਿੱਚ ਮਹੱਤਵਪੂਰਨ ਹੋ ਸਕਦੇ ਹਨ।

ਜਿਵੇਂ ਟੈਕਨਾਲੋਜੀ ਬਦਲਦੀ ਹੈ, ਵਿਦਿਆਰਥੀਆਂ ਨੂੰ ਨਾਲ-ਨਾਲ ਚੱਲਣ ਲਈ ਹੁਨਰ ਸਿੱਖਣੇ ਚਾਹੀਦੇ ਹਨ। ਬੀਸੀ ਪਾਠਕ੍ਰਮ ਵਿਦਿਆਰਥੀਆਂ ਨੂੰ ਅੱਜ ਦੇ ਸੰਸਾਰ ਲਈ ਲੋੜੀਂਦੀਆਂ ਯੋਗਤਾਵਾਂ ਅਤੇ ਡਿਜੀਟਲ ਹੁਨਰ ਸਿੱਖਣ ਵਿੱਚ ਮਦਦ ਕਰਦਾ ਹੈ। ਬੀਸੀ ਦਾ ਪਾਠਕ੍ਰਮ ਮੁੱਖ ਯੋਗਤਾਵਾਂ ਨੂੰ ਵੀ ਸਿਖਾਉਂਦਾ ਹੈ, ਜੋ ਕਿ ਤੁਹਾਡੇ ਬੱਚੇ ਨੂੰ ਇਹ ਯਕੀਨੀ ਬਣਾਉਣ ਲਈ ਲੋੜੀਂਦੇ ਸੋਚ, ਨਿੱਜੀ ਅਤੇ ਸਮਾਜਿਕ ਹੁਨਰ ਹਨ ਕਿ ਉਹ ਟੈਕਨਾਲੋਜੀ ਦੀ ਵਰਤੋਂ ਸੁਰੱਖਿਅਤ ਅਤੇ ਜ਼ਿੰਮੇਵਾਰੀ ਨਾਲ ਕਰਦੇ ਹਨ। ਤੁਹਾਡਾ ਬੱਚਾ ਅੱਜ ਜੋ ਕੁਝ ਸਿੱਖਦਾ ਹੈ, ਉਹ ਯਕੀਨੀ ਬਣਾਏਗਾ ਕਿ ਉਸ ਕੋਲ ਭਵਿੱਖ ਲਈ ਹੁਨਰ, ਜਿਵੇਂ ਕਿ ਡਿਜੀਟਲ ਸਾਖਰਤਾ, ਆਲੋਚਨਾਤਮਕ ਸੋਚ, ਅਤੇ ਸਮੱਸਿਆ ਹੱਲ ਕਰਨਾ, ਹਨ।

## ਜਾਣਨ ਵਾਲੇ AI ਸ਼ਬਦ:

- **ਐਲਗੋਰਿਦਮ (Algorithms)** ਕੰਪਿਊਟਰ ਲਈ ਇੱਕ ਰੇਸੇਪੀ ਵਾਂਗ ਹੁੰਦੇ ਹਨ। ਉਹ ਕੰਪਿਊਟਰਾਂ ਲਈ ਇੱਕ ਕਦਮ-ਦਰ-ਕਦਮ ਗਾਈਡ ਪ੍ਰਦਾਨ ਕਰਦੇ ਹਨ, ਉਹਨਾਂ ਨੂੰ ਇਹ ਦੱਸਦੇ ਹਨ ਕਿ ਕਿਸੇ ਸਮੱਸਿਆ ਨੂੰ ਹੱਲ ਕਰਨ ਜਾਂ ਕੰਮ ਨੂੰ ਪੂਰਾ ਕਰਨ ਲਈ ਕੀ ਕਰਨਾ ਹੈ।
- **ਆਰਟੀਫੀਸ਼ਲ ਇੰਟੈਲੀਜੈਂਸ (AI)** ਇੱਕ ਡਿਜੀਟਲ ਟੂਲ ਹੈ ਜੋ ਡੇਟਾ ਦੀ ਵਰਤੋਂ ਸਿੱਖਣ, ਸਮੱਸਿਆਵਾਂ ਨੂੰ ਹੱਲ ਕਰਨ ਅਤੇ ਫੈਸਲੇ ਲੈਣ ਲਈ ਕਰਦਾ ਹੈ — ਉਹ ਚੀਜ਼ਾਂ ਜੋ ਆਮ ਤੌਰ 'ਤੇ ਸਿਰਫ਼ ਲੋਕ ਹੀ ਕਰ ਸਕਦੇ ਹਨ।
- **AI ਵਿੱਚ ਬਾਇਅਸ (Bias in AI)** ਉਦੋਂ ਹੁੰਦਾ ਹੈ ਜਦੋਂ ਕੰਪਿਊਟਰ ਗਲਤ ਜਾਂ ਅਨੁਚਿਤ ਚੋਣਾਂ ਕਰਦਾ ਹੈ ਕਿਉਂਕਿ ਉਸ ਨੇ ਅਧੂਰੇ ਡੇਟਾ ਤੋਂ ਸਿੱਖਿਆ ਹੈ। ਇਹ ਇੱਕ ਗੇਮ ਖੇਡਣਾ ਸਿੱਖਣ ਵਰਗਾ ਹੈ ਪਰ ਸਿਰਫ ਕੁਝ ਹੀ ਨਿਯਮਾਂ ਦੇ ਨਾਲ।
- **ਡੇਟਾ ਗੋਪਨੀਯਤਾ (Data privacy)** ਤੁਹਾਡੀ ਨਿੱਜੀ ਜਾਣਕਾਰੀ ਉਨ੍ਹਾਂ ਲੋਕਾਂ ਤੋਂ ਔਨਲਾਈਨ ਸੁਰੱਖਿਅਤ ਰੱਖਣਾ ਜਿਨ੍ਹਾਂ ਨੂੰ ਉਸਨੂੰ ਨਹੀਂ ਦੇਖਣਾ ਚਾਹੀਦਾ।
- **ਡਿਜੀਟਲ ਸਾਖਰਤਾ (Digital literacy)** ਟੈਕਨਾਲੋਜੀ ਅਤੇ ਇੰਟਰਨੈੱਟ ਦੀ ਸਮਝਦਾਰੀ ਨਾਲ ਵਰਤੋਂ ਕਰਨ ਦੀ ਯੋਗਤਾ ਹੈ। ਇਹ ਜਾਣਕਾਰੀ ਤੱਕ ਔਨਲਾਈਨ ਪਹੁੰਚ ਕਰਨ, ਉਸ ਨੂੰ ਸਮਝਣ, ਉਸ ਦਾ ਮੁਲਾਂਕਣ ਕਰਨ ਅਤੇ ਉਸ ਨੂੰ ਸਾਂਝਾ ਕਰਨ ਦੇ ਹੁਨਰ ਹੋਣਾ ਹੁੰਦਾ ਹੈ।
- **ਜਨਰੇਟਿਵ AI (Generative AI)** ਇੱਕ ਟੈਕਨਾਲੋਜੀ-ਆਧਾਰਿਤ ਟੂਲ ਹੈ ਜੋ ਸੁਤੰਤਰ ਤੌਰ 'ਤੇ ਸਮੱਗਰੀ, ਜਿਵੇਂ ਕਿ ਲਿਖਤ ਜਾਂ ਕਲਾ, ਆਪਣੇ ਆਪ ਬਣਾ ਸਕਦਾ ਹੈ।

### ਮਾਤਾ-ਪਿਤਾ ਅਤੇ ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ

BRITISH COLUMBIA

## ਮੇਰਾ ਬੱਚਾ ਸਕੂਲ ਵਿੱਚ AI ਬਾਰੇ ਕੀ ਸਿੱਖ ਸਕਦਾ ਹੈ?

ਸਕੂਲ ਵਿੱਚ, ਤੁਹਾਡਾ ਬੱਚਾ ਡਿਜੀਟਲ ਸਾਖਰਤਾ, ਡਿਜੀਟਲ ਟੂਲਸ, ਅਤੇ ਸੁਰੱਖਿਅਤ ਢੰਗ ਨਾਲ ਅਤੇ ਜ਼ਿੰਮੇਵਾਰੀ ਨਾਲ ਟੈਕਨਾਲੋਜੀ ਦੀ ਵਰਤੋਂ ਕਰਨ ਬਾਰੇ ਸਿੱਖੇਗਾ।

ਅੱਜ ਦੇ ਸੰਸਾਰ ਵਿੱਚ AI ਨੂੰ ਸਮਝਣਾ ਮਹੱਤਵਪੂਰਨ ਹੈ। ਅਧਿਆਪਕਾਂ ਕੋਲ ਤੁਹਾਡੇ ਬੱਚੇ ਨਾਲ ਇਸ ਸਿੱਖਿਆ ਨੂੰ ਸਾਂਝਾ ਕਰਨ ਦੇ ਵੱਖ-ਵੱਖ ਤਰੀਕੇ ਹੋਣਗੇ। ਜ਼ਿਆਦਾਤਰ ਸਿੱਖਿਆ ਪਾਠਕ੍ਰਮ ਦੇ ਦੋ ਹਿੱਸਿਆਂ ਵਿੱਚ ਕਵਰ ਕੀਤੀ ਜਾਂਦੀ ਹੈ: ਕਰੀਅਰ ਐਜੂਕੇਸ਼ਨ ਅਤੇ ਅਪਲਾਈਡ ਡਿਜ਼ਾਇਨ, ਸਕਿਲਜ਼ ਅਤੇ ਟੈਕਨਾਲੋਜੀ। ਇਹਨਾਂ ਵਿਸ਼ਿਆਂ ਵਿੱਚ, ਤੁਹਾਡਾ ਬੱਚਾ ਇਹ ਯਕੀਨੀ ਬਣਾਉਣਾ ਸਿੱਖੇਗਾ ਕਿ ਉਹ ਜੋ ਜਾਣਕਾਰੀ ਲੱਭਦਾ ਅਤੇ ਵਰਤਦਾ ਹੈ, ਭਰੋਸੇਯੋਗ ਹੈ। ਹੋਰ ਵਿਸ਼ੇ ਵੀ ਹਨ ਜੋ ਤੁਹਾਡੇ ਬੱਚੇ ਦੇ ਡਿਜੀਟਲ ਹੁਨਰਾਂ ਨੂੰ ਬਣਾ ਸਕਦੇ ਹਨ। ਤੁਹਾਡਾ ਬੱਚਾ ਇਸ ਬਾਰੇ ਸਿੱਖ ਸਕਦਾ ਹੈ ਕਿ ਡਿਜੀਟਲ ਟੂਲ ਕਿਵੇਂ ਕੰਮ ਕਰਦੇ ਹਨ, ਕੰਪਿਊਟਰ ਕਿਵੇਂ ਫੈਸਲੇ ਲੈਂਦੇ ਹਨ, ਅਤੇ ਕਿਵੇਂ ਨਿਰਪੱਖਤਾ, ਗੋਪਨੀਯਤਾ, ਅਤੇ ਨੈਤਿਕਤਾ ਵਰਗੇ ਮੁੱਦੇ ਔਨਲਾਈਨ ਸੁਰੱਖਿਅਤ ਰਹਿਣ ਦਾ ਹਿੱਸਾ ਹਨ। AI ਬਾਰੇ ਸਿੱਖਣਾ ਵਿਦਿਆਰਥੀਆਂ ਨੂੰ ਇਸ ਬਾਰੇ ਸੂਚਿਤ ਚੋਣਾਂ ਕਰਨ ਵਿੱਚ ਮਦਦ ਕਰ ਸਕਦਾ ਹੈ ਕਿ ਉਹ ਕਦੋਂ AI ਟੂਲ ਵਰਤਣਾ ਚਾਹੁੰਦੇ ਹਨ, ਜਾਂ ਕਦੋਂ ਨਹੀਂ ਵਰਤਣਾ ਚਾਹੁੰਦੇ ਹਨ।

## ਕੀ ਮੇਰੇ ਬੱਚੇ ਦੇ ਸਕੂਲ ਵਿੱਚ AI ਟੂਲ ਵਰਤੇ ਜਾਣਗੇ?

ਤੁਹਾਡੇ ਬੱਚੇ ਦੇ ਸਕੂਲ ਵਿੱਚ AI ਟੂਲ ਵਰਤੇ ਜਾਂਦੇ ਹਨ ਜਾਂ ਨਹੀਂ, ਇਹ ਕਲਾਸਰੂਮ ਤੋਂ ਕਲਾਸਰੂਮ ਤੱਕ ਵੱਖ-ਵੱਖ ਹੋਵੇਗਾ। ਕੁਝ ਅਧਿਆਪਕ ਸਿੱਖਣ ਵਿੱਚ ਸਹਾਇਤਾ ਕਰਨ ਲਈ ਵੱਖ-ਵੱਖ ਤਰੀਕਿਆਂ ਨਾਲ AI ਟੂਲਸ ਦੀ ਵਰਤੋਂ ਕਰ ਸਕਦੇ ਹਨ। ਜੇਕਰ ਤੁਹਾਡੇ ਬੱਚੇ ਵਿੱਚ ਅਪਾਹਜਤਾ ਜਾਂ ਵਿਭਿੰਨ ਯੋਗਤਾ ਹੈ, ਤਾਂ ਇਹ ਫੈਸਲਾ ਕੀਤਾ ਜਾ ਸਕਦਾ ਹੈ ਕਿ ਉਹਨਾਂ ਦੀ ਸਹਾਇਤਾ ਲਈ ਇੱਕ AI ਟੂਲ ਦੀ ਵਰਤੋਂ ਕੀਤੀ ਜਾ ਸਕਦੀ ਹੈ। ਜੇਕਰ ਤੁਸੀਂ ਇਸ ਬਾਰੇ ਉਤਸੁਕ ਹੋ ਕਿ ਤੁਹਾਡੇ ਬੱਚੇ ਦੇ ਕਲਾਸਰੂਮ ਵਿੱਚ AI ਟੂਲ ਕਿਵੇਂ ਅਤੇ ਕਦੋਂ ਵਰਤੇ ਜਾਂਦੇ ਹਨ, ਤਾਂ ਹੋਰ ਜਾਣਕਾਰੀ ਲਈ ਆਪਣੇ ਬੱਚੇ ਦੇ ਅਧਿਆਪਕ ਜਾਂ ਪ੍ਰਿੰਸੀਪਲ ਨੂੰ ਪੁੱਛੋ।

ਜਦੋਂ ਅਸਾਈਨਮੈਂਟਾਂ ਦੀ ਗੱਲ ਆਉਂਦੀ ਹੈ, ਤਾਂ ਕੁਝ ਅਧਿਆਪਕ ਵਿਦਿਆਰਥੀਆਂ ਨੂੰ ਖਾਸ ਕੰਮਾਂ ਲਈ AI ਟੂਲ ਵਰਤਣ ਦੀ ਇਜਾਜ਼ਤ ਦੇ ਸਕਦੇ ਹਨ। ਹਾਲਾਂਕਿ, ਵਿਦਿਆਰਥੀਆਂ ਲਈ ਆਪਣੇ ਕੰਮ ਵਿੱਚ AI ਟੂਲਸ ਦੀ ਵਰਤੋਂ ਕਰਨ ਤੋਂ ਪਹਿਲਾਂ ਆਪਣੇ ਅਧਿਆਪਕਾਂ ਤੋਂ ਇਜਾਜ਼ਤ ਅਤੇ ਮਾਰਗਦਰਸ਼ਨ ਮੰਗਣਾ ਮਹੱਤਵਪੂਰਨ ਹੈ। ਜਿਵੇਂ ਇੱਕ ਕੈਲਕੁਲੇਟਰ ਗਣਿਤ ਵਿੱਚ ਇੱਕ ਸਹਾਇਕ ਟੂਲ ਹੋ ਸਕਦਾ ਹੈ, AI ਕੁਝ ਕਲਾਸਰੂਮਾਂ ਵਿੱਚ ਵਰਤਿਆ ਜਾਣ ਵਾਲਾ ਇੱਕ ਹੋਰ ਕਿਸਮ ਦਾ ਟੂਲ ਹੋ ਸਕਦਾ ਹੈ।

## ਮੈਂ ਘਰ ਵਿੱਚ ਟੈਕਨਾਲੋਜੀ ਦੀ ਸੁਰੱਖਿਅਤ ਅਤੇ ਜ਼ਿੰਮੇਵਾਰ ਵਰਤੋਂ ਨੂੰ ਕਿਵੇਂ ਉਤਸ਼ਾਹਿਤ ਕਰ ਸਕਦਾ/ਦੀ ਹਾਂ?

AI ਵਿੱਚ ਅਜਿਹੇ ਤੱਤ ਹਨ ਜਿਨ੍ਹਾਂ ਬਾਰੇ ਮਾਤਾ-ਪਿਤਾ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਪਤਾ ਹੋਣਾ ਚਾਹੀਦਾ ਹੈ, ਬਿਲਕੁਲ ਕਿਸੇ ਹੋਰ ਡਿਜੀਟਲ ਟੂਲ ਦੀ ਤਰ੍ਹਾਂ। ਗੋਪਨੀਯਤਾ ਮਹੱਤਵਪੂਰਨ ਹੈ—ਅਤੇ ਇਹ ਜਾਣਨਾ ਕਿ AI ਨਿੱਜੀ ਡੇਟਾ ਦੀ ਵਰਤੋਂ ਕਿਵੇਂ ਕਰਦੀ ਹੈ, ਇਹ ਕਿੱਥੇ ਰੱਖਿਆ ਜਾਂਦਾ ਹੈ, ਅਤੇ ਕੌਣ ਇਸਨੂੰ ਦੇਖਦਾ ਹੈ ਤੁਹਾਡੀ ਗੋਪਨੀਯਤਾ ਦੀ ਰੱਖਿਆ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ। ਕਈ ਵਾਰ, AI ਪੱਖਪਾਤੀ, ਅਨੁਚਿਤ ਅਤੇ ਗਲਤ ਹੋ ਸਕਦੀ ਹੈ। ਇਸ ਬਾਰੇ ਸੁਚੇਤ ਹੋਣਾ ਮਹੱਤਵਪੂਰਨ ਹੈ ਤਾਂ ਜੋ ਤੁਸੀਂ ਇਸ ਦਾ ਪਤਾ ਲਗਾ ਸਕੋ ਅਤੇ ਆਪਣੇ ਬੱਚੇ ਨੂੰ ਅਜਿਹਾ ਕਰਨ ਵਿੱਚ ਮਦਦ ਕਰ ਸਕੋ।

ਤੁਹਾਡੇ ਬੱਚੇ ਦੇ ਡਿਜੀਟਲ ਸਾਖਰਤਾ ਹੁਨਰਾਂ ਨੂੰ ਵਧਾਉਣਾ ਵੀ ਮਹੱਤਵਪੂਰਨ ਹੈ। ਜਦੋਂ ਕਿ ਅਧਿਆਪਕ ਸਕੂਲ ਵਿੱਚ ਇਹਨਾਂ ਵਿੱਚੋਂ ਕੁਝ ਸਿੱਖਣ ਦੇ ਮੌਕੇ ਪ੍ਰਦਾਨ ਕਰਨਗੇ, ਜੇਕਰ ਤੁਹਾਡਾ ਬੱਚਾ ਡਿਜੀਟਲ ਸਾਧਨਾਂ ਦੀ ਵਰਤੋਂ ਕਰ ਰਿਹਾ ਹੈ, ਤਾਂ ਉਹਨਾਂ ਨੂੰ ਘਰ ਵਿੱਚ ਮਜ਼ਬੂਤ ਕਰਨਾ ਵੀ ਉਨਾ ਹੀ ਮਹੱਤਵਪੂਰਨ ਹੈ।

## ਮੇਰੇ ਬੱਚੇ ਦੀ ਸਿੱਖਿਆ ਲਈ ਡਿਜੀਟਲ ਸਾਖਰਤਾ ਮਹੱਤਵਪੂਰਨ ਕਿਉਂ ਹੈ?

ਡਿਜੀਟਲ ਸਾਖਰਤਾ ਸਿਰਫ AI ਬਾਰੇ ਜਾਣਨ ਤੋਂ ਪਰੇ ਹੈ; ਇਹ ਸਾਰੀ ਟੈਕ ਨੂੰ ਸਮਝਦਾਰੀ ਨਾਲ ਵਰਤਣ ਬਾਰੇ ਹੈ। ਜੇਕਰ ਤੁਹਾਡਾ ਬੱਚਾ ਡਿਜੀਟਲ ਟੂਲਸ ਦੀ ਵਰਤੋਂ ਕਰਦਾ ਹੈ, ਤਾਂ ਉਸਨੂੰ ਪਤਾ ਹੋਣਾ ਚਾਹੀਦਾ ਹੈ ਕਿ ਇੰਟਰਨੈੱਟ ਤੇ ਖੋਜ ਕਿਵੇਂ ਕਰਨੀ ਹੈ ਅਤੇ ਇਹ ਯਕੀਨੀ ਕਿਵੇਂ ਬਣਾਉਣਾ ਹੈ ਕਿ ਉਹ ਜੋ ਲੱਭਦੇ ਹਨ ਉਹ ਭਰੋਸੇਯੋਗ ਹੈ। ਉਹਨਾਂ ਨੂੰ ਜਾਣਕਾਰੀ ਨੂੰ ਸੁਰੱਖਿਅਤ ਢੰਗ ਨਾਲ ਬਣਾਉਣ ਅਤੇ ਸਾਂਝਾ ਕਰਨ, ਆਪਣੇ ਨਿੱਜੀ ਵੇਰਵਿਆਂ ਦੀ ਰੱਖਿਆ ਕਰਨ, ਸੋਸ਼ਲ ਮੀਡੀਆ ਦੀ ਸਮਝਦਾਰੀ ਨਾਲ ਵਰਤੋਂ ਕਰਨ, ਅਤੇ ਜ਼ਿੰਮੇਵਾਰੀ ਨਾਲ ਸੰਚਾਰ ਕਰਨ ਲਈ ਵੀ ਡਿਜੀਟਲ ਸਾਖਰਤਾ ਹੁਨਰਾਂ ਦੀ ਲੋੜ ਹੋਵੇਗੀ। ਇਹਨਾਂ ਹੁਨਰਾਂ ਨੂੰ ਹੁਣੇ ਸਿੱਖਣਾ ਤੁਹਾਡੇ ਬੱਚੇ ਨੂੰ ਔਨਲਾਈਨ ਅਤੇ ਔਫਲਾਈਨ ਦੋਵੇਂ ਤਰ੍ਹਾਂ ਨਾਲ ਹੁਸ਼ਿਆਰ ਚੋਣਾਂ ਕਰਨ ਵਿੱਚ ਮਦਦ ਕਰੇਗਾ।

## ਮੈਂ ਘਰ ਵਿੱਚ ਆਪਣੇ ਬੱਚੇ ਦੀ ਪੜ੍ਹਾਈ ਵਿੱਚ ਕਿਵੇਂ ਸਹਾਇਤਾ ਕਰ ਸਕਦਾ/ਸਕਦੀ ਹਾਂ?

ਤੁਹਾਡੇ ਬੱਚੇ ਨੂੰ ਡਿਜੀਟਲ ਟੂਲਸ, ਜਿਸ ਵਿੱਚ AI ਸ਼ਾਮਲ ਹੋ ਸਕਦੀ ਹੈ, ਦੀ ਸੁਰੱਖਿਅਤ ਢੰਗ ਅਤੇ ਜ਼ਿੰਮੇਵਾਰੀ ਨਾਲ ਵਰਤੋਂ ਕਰਨ ਵਿੱਚ ਮਦਦ ਕਰਨ ਲਈ, ਤੁਸੀਂ ਘਰ ਵਿੱਚ ਉਹਨਾਂ ਦੇ ਡਿਜੀਟਲ ਸਾਖਰਤਾ ਹੁਨਰ ਨੂੰ ਵਿਕਸਿਤ ਕਰ ਸਕਦੇ ਹੋ। ਇੱਥੇ ਕੁਝ ਮੁੱਖ ਹੁਨਰ ਹਨ ਜਿਨ੍ਹਾਂ ਨੂੰ ਤੁਸੀਂ ਘਰ ਵਿੱਚ ਆਪਣੇ ਬੱਚੇ ਨਾਲ ਉਤਸ਼ਾਹਿਤ ਕਰਨਾ ਚਾਹ ਸਕਦੇ ਹੋ:

- ਨਿੱਜੀ ਜਾਣਕਾਰੀ (ਜਿਵੇਂ ਕਿ ਨਾਮ, ਉਮਰ, ਅਤੇ ਪਤਾ) ਨੂੰ ਔਨਲਾਈਨ ਨਿੱਜੀ ਰੱਖਣਾ
- ਇੰਟਰਨੈੱਟ ਦੀ ਸੁਰੱਖਿਅਤ ਵਰਤੋਂ ਕਰਨਾ ਅਤੇ ਉਹਨਾਂ ਵੈੱਬਸਾਈਟਾਂ ਤੋਂ ਪਰਹੇਜ਼ ਕਰਨਾ ਜਿਨ੍ਹਾਂ ਤੱਕ ਉਹਨਾਂ ਨੂੰ ਪਹੁੰਚ ਨਹੀਂ ਕਰਨੀ ਚਾਹੀਦੀ
- ਔਨਲਾਈਨ ਘੁਟਾਲਿਆਂ ਨੂੰ ਪਛਾਣਨਾ ਅਤੇ ਉਨ੍ਹਾਂ ਤੋਂ ਬਚਣਾ
- ਇਹ ਜਾਣਨਾ ਕਿ ਜਦੋਂ ਉਹ ਔਨਲਾਈਨ ਕੁਝ ਅਸੁਰੱਖਿਅਤ ਦੇਖਦੇ ਹਨ ਤਾਂ ਕੀ ਕਰਨਾ ਹੈ
- ਔਨਲਾਈਨ ਸ਼ੇਅਰ ਕਰਨ ਤੋਂ ਪਹਿਲਾਂ ਸੰਭਾਵੀ ਪ੍ਰਭਾਵਾਂ ਬਾਰੇ ਸੋਚਣਾ
- ਉਹ ਔਨਲਾਈਨ ਕੀ ਦੇਖਦੇ ਹਨ ਇਸ ਬਾਰੇ ਧਿਆਨ ਨਾਲ ਸੋਚਣਾ ਅਤੇ ਇਹ ਸਮਝਣਾ ਕਿ AI ਤਸਵੀਰਾਂ, ਵੀਡੀਓ, ਆਡੀਓ ਰਿਕਾਰਡਿੰਗਾਂ ਅਤੇ ਸ਼ਬਦਾਂ ਨੂੰ ਬਦਲ ਸਕਦੀ ਹੈ
- ਇਹ ਜਾਣਨਾ ਕਿ AI ਟੂਲ ਗਲਤੀਆਂ ਕਰ ਸਕਦੇ ਹਨ ਜਾਂ ਪੱਖਪਾਤੀ, ਅਨੁਚਿਤ ਅਤੇ ਗਲਤ ਹੋ ਸਕਦੇ ਹਨ
- ਇਹ ਸਮਝਣਾ ਕਿ ਬਿਨਾਂ ਆਗਿਆ ਦੇ ਦੂਜੇ ਲੋਕਾਂ ਦੇ ਕੰਮ ਦੀ ਵਰਤੋਂ ਕਰਨਾ (ਸਾਹਿਤਕ ਚੋਰੀ) ਠੀਕ ਨਹੀਂ ਹੈ
- ਜੇਕਰ ਉਹਨਾਂ ਨੇ ਆਪਣੇ ਸਕੂਲ ਦੇ ਕੰਮ ਲਈ AI ਟੂਲਸ ਦੀ ਵਰਤੋਂ ਕੀਤੀ ਤਾਂ ਇਸ ਗੱਲ ਦਾ ਜ਼ਿਕਰ ਕਰਨਾ ਕਿ ਉਹਨਾਂ ਨੇ ਜਾਣਕਾਰੀ ਕਿੱਥੋਂ ਪ੍ਰਾਪਤ ਕੀਤੀ

## ਸਾਡੇ ਨਾਲ ਸੰਪਰਕ ਕਰੋ

studentlearningbranch@gov.bc.ca

ਡਿਜੀਟਲ ਸਾਖਰਤਾ ਅਤੇ ਸਿੱਖਿਆ ਵਿੱਚ AI ਦੀ ਵਰਤੋਂ